I/325938/2022

**ਪੰਜਾਬ ਸਰਕਾਰ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**
**(ਸਿਹਤ-2 ਸ਼ਾਖਾ)**

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ।

ਮਿਤੀ, ਚੰਡੀਗੜ੍ਹ; 03/03/22

ਵਿਸ਼ਾ:- **NEET PG ਤਹਿਤ ਪੰਜਾਬ ਦੇ DNB ਕਰਨ ਲਈ ਬਤੌਰ Sponsored ਕੈਟਾਗਰੀ ਵਿੱਚ ਕਾਉਂਸਲਿੰਗ ਸਰਟੀਫਿਕੇਟ ਜਾਰੀ ਕਰਨ ਬਾਰੇ - ਡਾ. ਤਰਦੀਪ ਸਿੰਘ , ਮੈਡੀਕਲ ਅਫਸਰ, ਮੈਰਿਟ ਨੰ 196/2016 , ਸੀ.ਐਚ.ਸੀ. ਫੱਤੂ ਢੀਂਗਾ, ਜਿਲ੍ਹਾ ਕਪੂਰਥਲਾ।**

****

ਉਪਰੋਕਤ ਵਿਸੇ ਤੇ ਆਪ ਦੇ ਪੱਤਰ ਨੰ:ਈ-4(3)/2021/1067, ਮਿਤੀ 25.02.2022 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਵੱਲੋਂ ਭੇਜੇ ਗਏ ਵੇਰਵਿਆਂ/ਤਜਵੀਜ਼ਾਂ/ਸਿਫਾਰਸ਼ਾਂ ਅਨੁਸਾਰ ਹੇਠ ਦਰਸਾਏ ਗਏ ਪੀ.ਸੀ.ਐਮ.ਐਸ਼ ਮੈਡੀਕਲ ਅਫਸਰ ਨੂੰ **<u>ਪੰਜਾਬ ਰਾਜ ਦੇ ਜ਼ਿਲ੍ਹਾਂ ਹਸਪਤਾਲਾਂ ਤੋਂ</u>** ਸਿਹਤ ਵਿਭਾਗ ਦੀਆਂ ਹਦਾਇਤਾਂ/ਪਾਲਿਸੀ ਨੰ:HFW-HLH2026D/175/2021-3H2/7143-7145, ਮਿਤੀ 14.12.2021 ਵਿੱਚ ਦਰਜ ਸ਼ਰਤਾਂ ਦੇ ਆਧਾਰ ਤੇ ਡੀ.ਐਨ.ਬੀ. ਕੋਰਸ ਕਰਨ ਲਈ ਹੇਠ ਅਨੁਸਾਰ ਸਪਾਂਸਰ ਕੀਤਾ ਜਾਂਦਾ ਹੈ:-

| ਲੜੀ ਨੰ: | ਡਾਕਟਰ ਦਾ ਨਾਮ/ ਸੇਵਾ ਨੰ:/ ਪੋਸਟਿੰਗ ਦਾ ਸਥਾਨ | ਪਰਖ ਕਾਲ ਪਾਰ ਹੈ ਜਾਂ ਨਹੀਂ | ਸ਼ਿਕਾਇਤ ਪੜਤਾਲ ਲੰਬਿਤ ਹੈ ਜਾਂ ਨਹੀਂ | ਡੀ.ਐਨ.ਬੀ. ਕਰਨ ਉਪਰੰਤ 06 ਸਾਲ ਦੀ ਸੇਵਾ ਬਕਾਇਆ ਹੈ ਜਾਂ ਨਹੀਂ | ਰੂਰਲ ਸੇਵਾ ਅਤੇ ਕੈਟਾਗਿਰੀ | ਕਿਸ ਕੈਟਾਗਿਰੀ ਵਿੱਚ ਸਪਾਂਸਰ ਕੀਤਾ ਜਾਣਾ ਹੈ |
|---|---|---|---|---|---|---|
| 1. | ਡਾ. ਤਰਦੀਪ ਸਿੰਘ , ਮੈਡੀਕਲ ਅਫਸਰ , ਮੈਰਿਟ ਨੰ 196/2016, ਸੀ.ਐਚ.ਸੀ. ਫੱਤੂ ਢੀਂਗਾ , ਜਿਲ੍ਹਾ ਕਪੂਰਥਲਾ | ਹਾਂ ਜੀ | ਨਹੀਂ ਜੀ | ਹਾਂ ਜੀ | 4 ਸਾਲ ਮਹੀਨੇ ਕੈਟਾਗਰੀ ਸੀ | ਸਪਾਂਸਰਡ ਕੈਟਾਗਰੀ ਅਧੀਨ |

3. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਪ੍ਰਾਪਤ ਤਜਵੀਜ਼/ਵੇਰਵਿਆਂ ਅਨੁਸਾਰ ਉਕਤ ਮੈਡੀਕਲ ਅਫਸਰਾਂ ਨੂੰ ਵਿਭਾਗ ਦੀਆਂ ਹਦਾਇਤਾਂ/ਪਾਲਿਸੀ ਨੰ:HFW-HLH2026D/175/2021-3H2/7143-7145, ਮਿਤੀ 14.12.2021 ਰਾਹੀਂ ਜਾਰੀ ਹਦਾਇਤਾਂ ਵਿਚ ਦਰਜ ਸ਼ਰਤਾਂ ਦੇ ਅਧਾਰ ਤੇ ਜਾਰੀ ਕੀਤਾ ਜਾਂਦਾ ਹੈ:-

ੳ. **<u>ਸਪਾਂਸਰਡ ਕੈਟਾਗਿਰੀ ਲਈ ਸ਼ਰਤਾਂ</u>**:-

i) ਜਿਨ੍ਹਾਂ ਪੀ.ਸੀ.ਐਮ.ਐਸ. ਮੈਡੀਕਲ ਅਫ਼ਸਰਾਂ ਨੇ 3 ਸਾਲ ਦੀ ਸੇਵਾ Difficult Rural Area ਜਾਂ More Difficult Rural Area ਵਿੱਚ ਪੂਰੀ ਕੀਤੀ ਹੋਵੇ;

I/325938/2022

ii) ਪਰਖਕਾਲ ਸਮਾਂ ਪਾਰ ਹੋਵੇ;

iii) ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਂ ਕੋਈ ਵਿਜੀਲੈਂਸ ਪੜਤਾਲ ਆਦਿ ਲੰਬਿਤ ਨਾਂ ਹੋਵੇ;

iv) ਚੋਣ ਹੋਣ ਉਪਰੰਤ ਡਾਕਟਰ ਵੱਲੋਂ 6 ਸਾਲ ਦੀ ਸੇਵਾ ਕਰਨ ਲਈ ਰੁ.25,00,000/- (ਪੱਚੀ ਲੱਖ ਰੁਪਏ) ਦਾ ਬਾਂਡ ਭਰਨਾ ਹੋਵੇਗਾ;

v) ਕੋਰਸ ਕਰਨ ਉਪਰੰਤ ਡਾਕਟਰ ਦੀ 6 ਸਾਲ ਦੀ ਸੇਵਾ ਬਾਕੀ ਰਹਿੰਦੀ ਹੋਵੇ; ਅਤੇ

vi) ਜੇਕਰ ਡਾਕਟਰ ਕੋਰਸ ਕਰਨ ਉਪਰੰਤ ਸੇਵਾ ਪੂਰੀ ਨਹੀਂ ਕਰਦਾ ਜਾਂ ਬਾਂਡ ਮਨੀ ਨਹੀਂ ਭਰਦਾ ਤਾਂ ਉਸ ਦੀ ਰਜਿਸਟਰੇਸ਼ਨ ਸਬੰਧਤ ਮੈਡੀਕਲ ਕੌਂਸਲ ਤੋਂ ਰੱਦ ਕਰਵਾ ਦਿੱਤੀ ਜਾਵੇਗੀ।

4. ਉਕਤ ਸ਼ਰਤਾਂ ਤੋਂ ਇਲਾਵਾ ਸਿਹਤ ਵਿਭਾਗ ਦੀਆਂ ਹਦਾਇਤਾਂ ਪਾਲਿਸੀ ਨੰ:26/142/18-2HB2/1509055/1-3, ਮਿਤੀ 25.06.2019 ਵਿੱਚ ਦਰਜ਼ ਸ਼ਰਤਾਂ ਵੀ ਲਾਗੂ ਹੋਣਗੀਆਂ। ਸਪਾਂਸਰਡ ਕੈਟਾਗਰੀ ਅਧੀਨ ਡਾਕਟਰ ਨੂੰ ਡੀ.ਐਨ.ਬੀ. ਕੋਰਸ ਦੌਰਾਨ ਸਰਕਾਰ ਦੇ ਪੱਤਰ No.27/35/15-5HB2/447931/1, dated 26.3.2015 ਅਨੁਸਾਰ ਐਨ.ਪੀ.ਏ. ਮਿਲਣਯੋਗ ਨਹੀਂ ਹੋਵੇਗਾ।

5. ਚੋਣ ਹੋ ਜਾਣ ਉਪਰੰਤ ਡਾਕਟਰ ਫਾਰਮਲ ਐਨ.ਓ.ਸੀ. ਲੈਕੇ ਜਾਣਗੇ। ਜੇਕਰ ਬਾਅਦ ਵਿੱਚ ਸਰਕਾਰ ਦੇ ਧਿਆਨ ਵਿੱਚ ਕੋਈ ਪ੍ਰਤੀਕੂਲ ਤੱਥ ਆਉਂਦੇ ਹਨ ਤਾਂ ਐਨ.ਓ.ਸੀ. ਨੂੰ ਰੱਦ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

ਸੁਪਰਡੰਟ

ਮਿਤੀ, ਚੰਡੀਗੜ੍ਹ: 03/03/22

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, (ਸਿਹਤ-3 ਸ਼ਾਖਾ) ਪੰਜਾਬ, ਚੰਡੀਗੜ੍ਹ ।
2. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਮੈਡੀਕਲ ਭਵਨ, ਸੈਕਟਰ-69, ਮੋਹਾਲੀ (ਵਿਭਾਗ ਦੀ ਵੈਬਸਾਇਟ ਰਾਹੀਂ)।
3. ਸਬੰਧਤ ਸਿਵਲ ਸਰਜਨ (ਵਿਭਾਗ ਦੀ ਵੈਬਸਾਇਟ ਰਾਹੀਂ)।
4. ਸਬੰਧਤ ਡਾਕਟਰ (ਵਿਭਾਗ ਦੀ ਵੈਬਸਾਇਟ ਰਾਹੀਂ)।

ਸੁਪਰਡੰਟ